# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਸੁੰਦਰ ਨਗਰ ਦੀ ਦਲਿਤ ਆਬਾਦੀ ਵਿੱਚ 13 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਇਆ ਇੰਟਰਲਾਕਿੰਗ ਟਾਈਲਾਂ ਦਾ ਕੰਮ

## ਵਾਰਡ ਨੰਬਰ 15 ਵਿੱਚ ਜਲਦ ਹੀ ਲਗੇਗਾ ਨਵਾਂ ਟਿਊਬਵੈਲ

ਹੁਸ਼ਿਆਰਪੁਰ 10 ਜੂਨ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਤਿਕਸ਼ਨ ਸੂਦ ਨੇ ਅੱਜ ਵਾਰਡ ਨੰ: 15 ਦੇ ਮੁਹੱਲਾ ਸੁਦੰਰ ਨਗਰ ਦੀ ਦਲਿਤ ਆਬਾਦੀ ਵਿੱਚ 13 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਨਾਲ ਬਣਨ ਵਾਲੀ ਗਲੀ ਦੇ ਕੰਮ ਦੀ ਸ਼ੁਰਆਤ ਕਰਨ ਮੌਕੇ ਦਸਿੱਆ ਕਿ ਮੁਹੱਲਾ ਸੁੰਦਰ ਨਗਰ ਦੀ ਦਲਿਤ ਆਬਾਦੀ ਵਿਕਾਸ ਪੱਖੋ ਕਾਫੀ ਪਛੜੀ ਹੋਈ ਸੀ। ਨਗਰ ਨਿਗਮ ਵੱਲੋਂ ਇਸ ਆਬਾਦੀ ਵਿੱਚ ਵਿਸ਼ੇਸ਼ ਧਿਆਨ ਦੇ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਪਹਿਲਾਂ ਸੀਵਰੇਜ਼, ਵਾਟਰ ਸਪਲਾਈ ਦੇ ਕੰਮ ਕਰਵਾਉਣ ਉਪਰੰਤ ਪੱਕੀਆਂ ਸੜਕਾਂ ਅਤੇ ਗਲੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਅੱਜ ਇਸ ਆਬਾਦੀ ਦੀ ਅਧੂਰੀ ਪਈ ਗੱਲੀ ਨੂੰ ਇੰਟਰਲਾਕਿੰਗ ਟਾਈਲਾਂ ਲਗਾ ਕੇ ਪੱਕਾ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨ੍ਹਾਂ ਨੇ ਦਸਿੱਆ ਕਿ ਜਿਲ੍ਹਾਂ ਪ੍ਰਧਾਨ ਭਾਜਪਾ ਡਾ: ਰਮਨ ਘਈ ਅਤੇ ਕੋਂਸਲਰ ਪਰਦੀਪ ਕੁਮਾਰ ਵੱਲੋਂ ਕੀਤੀ ਗਈ ਸਾਂਝੀ ਮੰਗ ਨੂੰ ਮੁੱਖ ਰਖਦੇ ਹੋਏ ਅੱਜ ਇਸ ਗੱਲੀ ਦੇ ਅਧੂਰੇ ਰਹਿੰਦੇ ਕੰਮ ਨੂੰ ਪੱਕਾ ਕਰਨ ਦੀ ਸ਼ੁਰੂਆਤ ਕੀਤੀ ਗਈ ਹੈ। ਤਿਕਸ਼ਨ ਸੂਦ ਨੇ ਹੋਰ ਜਾਣਕਾਰੀ ਦਿੰਦੇ ਦਸਿੱਆ ਕਿ ਵਾਰਡ ਨੰਬਰ 15 ਵਿੱਚ ਇਕ ਨਵਾਂ ਟਿਊਬਵੈਲ ਜਲਦ ਹੀ ਲਗਾਇਆ ਜਾ ਰਿਹਾ ਹੈ ਜਿਸਦਾ ਕੰਮ ਕੁੱਝ ਹੀ ਦਿਨਾਂ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਦੇ ਲਗੱਣ ਨਾਲ ਵਾਰਡ ਨੰਬਰ 15 ਵਿੱਚ ਪੀਣ ਵਾਲੇ ਪਾਣੀ ਦੀ ਕੋਈ ਕੰਮੀ ਨਹੀ ਰਹੇਗੀ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਜਨਰਲ ਸਕੱਤਰ ਭਾਜਪਾ ਪੰਜਾਬ ਜਗਤਾਰ ਸਿੰਘ ਸੈਣੀ, ਜਿਲ੍ਹਾ ਪ੍ਰਧਾਨ ਭਾਜਪਾ ਡਾ: ਰਮਨ ਘਈ, ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਏ..ਐਮ.ਈ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਕੌਂਸਲਰ ਬਲਵਿੰਦਰ ਬਿੰਦੀ, ਮਨਜੀਤ ਸਿੰਘ ਰਾਏ, ਰਾਮਦੇਵ ਯਾਦਵ, ਚੰਦਰ ਸ਼ੇਖਰ ਤਿਵਾੜੀ ਅਤੇ ਮੁੱਹਲਾ ਨਿਵਾਸੀ ਇਸ ਮੌਕੇ ਤੇ ਹਾਜ਼ਰ ਸਨ।